# ਕਾਂ

ਇੱਕ ਕਾਂ 'ਤੇ ਹੰਸ ਇੱਕ ਛੱਪੜ ਦੇ ਕਿਨਾਰੇ ਰਹਿੰਦੇ ਸਨ। ਕਾਂ ਹਮੇਸ਼ਾਂ ਹੀ ਸੋਚਦਾ ਸੀ ਕਿ ਮੇਰਾ ਵੀ ਰੰਗ ਚਿੱਟਾ ਹੋ ਜਾਵੇ 'ਤੇ ਮੈਂ ਵੀ ਹੰਸ ਵਾਂਗੂ ਹੀ ਪਾਣੀ ਵਿੱਚ ਤਾਰੀਆਂ ਮਾਰਾਂ। ਉਹ ਬਾਰ ਬਾਰ ਹੰਸ ਨੂੰ ਪੁਛਦਾ ਕਿ ਉਹ ਕੀ ਕਰੇ। ਇੱਕ ਦਿਨ ਹਸਦੇ ਹੋਏ ਹੰਸ ਨੇਂ ਕਿਹਾ " ਤੂੰ ਵੀ ਰੋਜ਼ ਪਾਣੀ ਵਿੱਚ ਡੁਬਕੀਆਂ ਲਗਾਇਆ ਕਰ, ਤੂੰ ਵੀ ਗੋਰਾ ਹੋ ਜਾਂਵੇਂਗਾ।" ਕਾਂ ਨੇਂ ਵੀ ਡੁਬਕੀਆਂ ਲਗਾਉਣੀਆਂ ਸ਼ੁਰੂ ਕਰ ਦਿਤੀਆਂ। ਪਰ ਉਹ ਕਾਫੀ ਬਾਰ ਭਿਜਣ ਤੋਂ ਬਾਦ ਬਿਮਾਰ ਹੋ ਗਿਆ। ਹੁਣ ਉਸਨੂੰ ਸਮਝ ਆ ਗਈ ਕਿ ਰੱਬ ਨੇਂ ਹਰ ਇੱਕ ਨੂੰ ਅਲੱਗ ਅਲੱਗ ਬਣਾਇਆ ਹੈ।